RCoA
Royal College of Anaesthetists

Association of Paediatric Anaesthetists
of Great Britain and Ireland

# ਪਰਮਜੀਤ ਸੰਘ

## ਕੋਲ ਐਨੱਸਥੈਟਕਿ ਹੈ

ਐਨੱਸਥੈਟਕਿ ਬਾਰੇ ਛੋਟੇ ਬੱਚਿਆਂ ਲਈ ਇੱਕ ਕਹਾਣੀ




Trusted
Information
Creator
Patient Information Forum

ਪਿਛਲੇ ਪੰਨੇ 'ਤੇ ਮਾਪਿਆਂ ਲਈ ਸੁਝਾਅ ਪੜ੍ਹੋ

## ਪਰਮਜੀਤ ਸਿੰਘ ਕੋਲ ਐਨੱਸਥੈਟਕਿ ਹੈ




## ਹੈਲੋ, ਮੈਂ ਪਰਮਜੀਤ ਹਾਂ

ਪਿਛਲੇ ਹਫ਼ਤੇ ਮੈਨੂੰ ਹਸਪਤਾਲ ਵਿੱਚ ਐਨੱਸਥੈਟਿਕ ਦਿੱਤੀ ਗਈ ਸੀ।

ਐਨੱਸਥੈਟਿਕ ਉਦੋਂ ਹੁੰਦੀ ਹੈ ਜਦੋਂ ਕੋਈ ਡਾਕਟਰ ਤੁਹਾਨੂੰ ਦਵਾਈ ਦਿੰਦਾ ਹੈ ਤਾਂ ਜੋ ਤੁਸੀਂ ਟੈਸਟ ਜਾਂ ਓਪਰੇਸ਼ਨ ਦੌਰਾਨ ਕੁਝ ਮਹਿਸੂਸ ਨਾ ਕਰੋ, ਸੁਣੋ ਜਾਂ ਨਾ ਦੇਖੋ। ਇਹ ਥੋੜਾ ਜਿਹਾ ਡੂੰਘੀ ਨੀਂਦ ਵਰਗਾ ਹੈ।

ਡਾਕਟਰ ਤੁਹਾਨੂੰ ਉਦੋਂ ਤੱਕ ਐਨੱਸਥੈਟਿਕ ਦਿੰਦਾ ਹੈ ਜਦੋਂ ਤੱਕ ਤੁਹਾਨੂੰ ਇਸਦੀ ਲੋੜ ਹੁੰਦੀ ਹੈ ਅਤੇ ਜਦੋਂ ਉਹ ਬੇਹੋਸ਼ ਕਰਨਾ ਬੰਦ ਕਰ ਦਿੰਦੇ ਹਨ ਤਾਂ ਤੁਸੀਂ ਜਾਗ ਜਾਂਦੇ ਹੋ।

ਕੀ ਮੈਂ ਤੁਹਾਨੂੰ ਦੱਸਾਂ ਕਿ ਇਹ ਮੇਰੇ ਲਈ ਕਿਹੋ ਜਿਹਾ ਸੀ?



ਕੀ ਤੁਸੀਂ ਹਰ ਪੰਨੇ 'ਤੇ ਮੇਰਾ ਪਸੰਦੀਦਾ ਖਿਡੌਣਾ ਜ਼ੇ ਜ਼ੈਬਰਾ ਲੱਭਣ ਵਿੱਚ ਮੇਰੀ ਮਦਦ ਕਰ ਸਕਦੇ ਹੋ?

## ਤਿਆਰ ਹੋਣਾ

ਇਹ ਸਭ ਤੋਂ ਵਧੀਆ ਹੈ ਜੇਕਰ ਤੁਸੀਂ ਕੁਝ ਚੀਜ਼ਾਂ ਆਪਣੇ ਨਾਲ ਹਸਪਤਾਲ ਲੈ ਜਾਂਦੇ ਹੋ। ਮੈਂ ਕੁਝ ਪਜਾਮਾ, ਮੇਰਾ ਟੂਥਬਰਸ਼, ਇੱਕ ਕਿਤਾਬ ਅਤੇ ਮੇਰਾ ਮਨਪਸੰਦ ਖਿਡੌਣਾ ਪੈਕ ਕੀਤਾ।




## ਖਾਣਾ ਨਹੀਂ

ਜਦੋਂ ਤੁਸੀਂ ਐਨੱਸਥੈਟਿਕ ਲੈ ਰਹੇ ਹੋ ਤਾਂ ਤੁਹਾਡੇ ਪੇਟ ਵਿੱਚ ਕੋਈ ਭੋਜਨ ਨਹੀਂ ਹੋਣਾ ਚਾਹੀਦਾ ਹੈ, ਇਸ ਲਈ ਮੇਰੇ ਕੋਲ ਖਾਣ ਲਈ ਕੁਝ ਨਹੀਂ ਸੀ। ਮੈਂ ਪਾਣੀ ਪੀ ਲਿਆ ਤਾਂ ਜੋ ਮੈਨੂੰ ਬਹੁਤ ਪਿਆਸ ਨਾ ਲੱਗੇ।

# ਪਰਮਜੀਤ ਸੰਘਿ ਕੋਲ ਐਨੱਸਥੈਟਕਿ ਹੈ



## ਨਰਸ ਨੂੰ ਮਿਲਦੇ ਹੋਏ

ਹਸਪਤਾਲ ਵਿੱਚ, ਇੱਕ ਨਰਸ ਨੇ ਮੈਨੂੰ ਤੱਕੜੀ 'ਤੇ ਤੋਲਿਆ ਤਾਂ ਜੋ ਡਾਕਟਰਾਂ ਨੂੰ ਪਤਾ ਲੱਗ ਸਕੇ ਕਿ ਮੈਨੂੰ ਬਾਅਦ ਵਿੱਚ ਕਿੰਨੀ ਦਵਾਈ ਦੇਣੀ ਹੈ।

ਨਰਸ ਨੇ ਮੇਰੇ ਤਾਪਮਾਨ ਦੀ ਜਾਂਚ ਕੀਤੀ ਮੈਨੂੰ ਆਪਣੇ ਗੁੱਟ ਲਈ ਇੱਕ ਨਾਮ ਵਾਲਾ ਬੈਂਡ ਦਿੱਤਾ ਤਾਂ ਜੋ ਸਾਰਿਆਂ ਨੂੰ ਦੱਸਿਆ ਜਾ ਸਕੇ ਕਿ ਮੈਂ ਰੀਸ ਬੀਅਰ ਹਾਂ।






## ਵੱਖ-ਵੱਖ ਕਿਸਮਾਂ ਦੀਆਂ ਐਨੱਸਥੈਟਿਕ

ਮੈਂ ਆਪਣੇ ਐਨੱਸਥੀਟਿਸਟ ਨੂੰ ਮਿਲਿਆ ਇਹ ਉਹ ਡਾਕਟਰ ਹੈ ਜਿਸਨੇ ਮੇਰੀ ਐਨੱਸਥੈਟਿਕ ਦੌਰਾਨ ਮੇਰੀ ਦੇਖਭਾਲ ਕੀਤੀ ਐਨੱਸਥੈਟਿਕ ਨੂੰ ਤੁਹਾਡੇ ਹੱਥ ਵਿੱਚ ਇੱਕ ਛੋਟੀ ਟਿਊਬ ਨਾਲ ਜਾਂ ਮਾਸਕ ਨਾਲ ਸ਼ੁਰੂ ਕੀਤਾ ਜਾ ਸਕਦਾ ਹੈ। ਅਸੀਂ ਮੇਰੇ ਲਈ ਸਭ ਤੋਂ ਵਧੀਆ ਤਰੀਕੇ ਬਾਰੇ ਗੱਲ ਕੀਤੀ।

ਤੁਸੀਂ ਛੋਟੀ ਟਿਊਬ ਨੂੰ ਬਹੁਤ ਜ਼ਿਆਦਾ ਦੁਖਦਾਈ ਮਹਿਸੂਸ ਕਰਨ ਤੋਂ ਰੋਕਣ ਲਈ ਆਪਣੇ ਹੱਥਾਂ 'ਤੇ ਕਰੀਮ ਲਗਾ ਸਕਦੇ ਹੋ। ਐਨੱਸਥੈਟਿਕ ਛੋਟੀ ਟਿਊਬ ਵਿੱਚ ਜਾਂਦੀ ਹੈ ਅਤੇ ਅਸਲ ਵਿੱਚ ਬਹੁਤ ਤੇਜ਼ੀ ਨਾਲ ਕੰਮ ਕਰਦੀ ਹੈ।





ਉਹ ਮਾਸਕ ਫਿਲਟ-ਟਿਪ ਪੈਨ ਵਰਗੀ ਗੰਧ ਲੈਂਦਾ ਹੈ ਅਤੇ ਕੰਮ ਕਰਨ ਵਿੱਚ ਥੋੜਾ ਸਮਾਂ ਲੈਂਦਾ ਹੈ। ਜੇਕਰ ਤੁਹਾਨੂੰ ਬਾਅਦ ਵਿੱਚ ਹੋਰ ਦਵਾਈਆਂ ਦੀ ਲੋੜ ਪਵੇ ਤਾਂ ਤੁਹਾਨੂੰ ਮਾਸਕ ਤੋਂ ਬਾਅਦ ਵੀ ਆਪਣੇ ਹੱਥ ਵਿੱਚ ਇੱਕ ਛੋਟੀ ਜਿਹੀ ਟਿਊਬ ਦੀ ਲੋੜ ਹੈ, ਪਰ ਮਾਸਕ ਤੋਂ ਬਾਅਦ ਤੁਸੀਂ ਕੁਝ ਮਹਿਸੂਸ ਨਹੀਂ ਕਰ ਸਕਦੇ।



# ਪਰਮਜੀਤ ਸਿੰਘ ਕੋਲ ਐਨੱਸਥੈਟਕਿ ਹੈ




## ਆਪ੍ਰੇਸ਼ਨ ਲਈ ਲਗਭਗ ਸਮਾਂ

ਆਪਣੇ ਆਪ੍ਰੇਸ਼ਨ ਤੋਂ ਪਹਿਲਾਂ ਮੇਰੇ ਕੋਲ ਖੇਡਣ ਲਈ ਥੋੜ੍ਹਾ ਸਮਾਂ ਸੀ। ਮੇਰੀ ਨਰਸ ਨੇ ਮੈਨੂੰ ਹਸਪਤਾਲ ਦਾ ਗਾਊਨ ਪਾਉਣ ਲਈ ਕਿਹਾ। ਕੁਝ ਬੱਚਿਆਂ ਨੇ ਪਜਾਮਾ ਪਾਇਆ ਹੋਇਆ ਸੀ ।

ਤੁਹਾਨੂੰ ਵਾਰਡ ਵਿੱਚ ਕੁਝ ਦਵਾਈ ਦਿੱਤੀ ਜਾ ਸਕਦੀ ਹੈ। ਇਹ ਆਪ੍ਰੇਸ਼ਨ ਤੋਂ ਬਾਅਦ ਤੁਹਾਨੂੰ ਦਰਦ ਮਹਿਸੂਸ ਕਰਨ ਤੋਂ ਰੋਕਣ ਲਈ ਜਾਂ ਇਸ ਤੋਂ ਪਹਿਲਾਂ ਨੀਂਦ ਮਹਿਸੂਸ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਹੋ ਸਕਦਾ ਹੈ।






## ਐਨੱਸਥੈਟਿਕ ਵਾਲੇ ਕਮਰੇ ਵਿੱਚ ।

ਐਨੱਸਥੈਟਿਕ ਵਾਲੇ ਕਮਰੇ ਵਿੱਚ ਹਰ ਸਮੇਂ ਮੇਰੀ ਦੇਖਭਾਲ ਕਰਨ ਲਈ ਮਾਨੀਟਰ ਨਾਮਕ ਮਸ਼ੀਨਾਂ ਸਨ। ਮੇਰੇ ਮਾਤਾ-ਪਿਤਾ ਵਿੱਚੋਂ ਇੱਕ ਮੇਰੇ ਨਾਲ ਕਮਰੇ ਵਿੱਚ ਆ ਸਕਦਾ ਹੈ।

ਫਿਰ ਜਦੋਂ ਮੈਂ ਸੌਂ ਰਿਹਾ ਸੀ ਤਾਂ ਮੇਰੇ ਮਾਤਾ-ਪਿਤਾ ਮੇਰਾ ਇੰਤਜ਼ਾਰ ਕਰਦੇ ਸਨ। ਮੈਨੂੰ ਪਤਾ ਸੀ ਕਿ ਉਹ ਦੂਰ ਨਹੀਂ ਸਨ।






## ਮੇਰੇ ਆਪ੍ਰੇਸ਼ਨ ਦੌਰਾਨ

ਮੈਨੂੰ ਕੁਝ ਵੀ ਯਾਦ ਨਹੀਂ ਹੈ, ਪਰ ਮੇਰਾ ਐਨਸਥੀਟਿਸਟ ਹਰ ਸਮੇਂ ਮੇਰੇ ਨਾਲ ਰਿਹਾ। ਉਨ੍ਹਾਂ ਨੇ ਮੇਰੀ ਦੇਖਭਾਲ ਕੀਤੀ ਅਤੇ ਮੈਨ ਐਨੱਸਥੈਟਿਕ ਦਿੱਤੀ।

## ਪਰਮਜੀਤ ਸਿੰਘ ਕੋਲ ਐਨੱਸਥੈਟਕਿ ਹੈ




## ਰਿਕਵਰੀ ਰੂਮ

ਜਦੋਂ ਮੇਰਾ ਆਪ੍ਰੇਸ਼ਨ ਪੂਰਾ ਹੋ ਗਿਆ,ਐਨੱਸਥੀਟਿਸਟ ਨੇ ਐਨੱਸਥੈਟਿਕ ਬੰਦ ਕਰ ਦਿੱਤੀ ਤਾਂ ਜੋ ਮੈਂ ਜਾਗ ਸਕਾਂ। ਇੱਕ ਨਰਸ ਨੇ ਰਿਕਵਰੀ ਰੂਮ ਵਿੱਚ ਮੇਰੀ ਉਦੋਂ ਤੱਕ ਦੇਖਭਾਲ ਕੀਤੀ ਜਦੋਂ ਤੱਕ ਮੇਰੇ ਮਾਪੇ ਮੇਰੇ ਨਾਲ ਨਹੀਂ ਹੁੰਦੇ।

ਮੈਂ ਪਹਿਲਾਂ ਥੋੜਾ ਜਿਹਾ ਦੁਖਦਾਈ ਮਹਿਸੂਸ ਕੀਤਾ. ਨਰਸ ਨੇ ਮੈਨੂੰ ਤੁਰੰਤ ਕੁਝ ਦਵਾਈ ਦਿੱਤੀ, ਅਤੇ ਜਲਦੀ ਹੀ ਮੈਂ ਠੀਕ ਮਹਿਸੂਸ ਕੀਤਾ।






## ਭੁੱਖ ਲੱਗ ਰਹੀ ਹੈ

ਜਦੋਂ ਮੈਨੂੰ ਦੁਬਾਰਾ ਭੁੱਖ ਲੱਗਣ ਲੱਗੀ ਤਾਂ ਨਰਸ ਨੇ ਮੈਨੂੰ ਖਾਣ-ਪੀਣ ਲਈ ਕੁਝ ਦਿੱਤਾ।

ਇਹ ਬਿਹਤਰ ਮਹਿਸੂਸ ਹੋਇਆ.

# ਹਸਪਤਾਲ ਵਿੱਚ ਰਹਿਣਾ

ਮੈਨੂੰ ਇੱਕ ਰਾਤ ਹਸਪਤਾਲ ਵਿੱਚ ਰਹਿਣ ਦੀ ਲੋੜ ਸੀ।
ਮੇਰੇ ਮਾਤਾ-ਪਿਤਾ ਵਿੱਚੋਂ ਇੱਕ ਮੇਰੇ ਨਾਲ ਰਹਿ ਸਕਦਾ ਸੀ।






## ਘਰ ਜਾਣ ਦਾ ਸਮਾਂ

ਹਸਪਤਾਲ ਵਿਚ ਹਰ ਕੋਈ ਬਹੁਤ ਦਿਆਲੂ ਸੀ, ਪਰ ਜਦੋਂ ਘਰ ਜਾਣ ਦਾ ਸਮਾਂ ਆਇਆ ਤਾਂ ਮੈਨੂੰ ਖੁਸ਼ੀ ਹੋਈ।

ਕੀ ਤੁਸੀਂ ਮੇਰੀ ਇਸ ਤਸਵੀਰ ਵਿੱਚ ਰੰਗ ਕਰਨਾ ਚਾਹੋਗੇ?

## ਅਲਵਿਦਾ!



# ਕੌਣ ਕੌਣ ਹੈ ਅਤ ਕੀ ਕੀ ਹੈ



### ਐਨੱਸਥੀਟਿਸਟ

ਡਾਕਟਰ ਜੋ ਤੁਹਾਨੂੰ ਐਨੱਸਥੈਟਿਕ ਦਿੰਦਾ ਹੈ, ਅਤੇ ਫਿਰ ਤੁਹਾਡੀ ਦੇਖਭਾਲ ਕਰਦਾ ਹੈ ਜਦੋਂ ਤੱਕ ਦੁਬਾਰਾ ਜਾਗਣ ਦਾ ਸਮਾਂ ਨਹੀਂ ਆ ਜਾਂਦਾ।

### ਨਰਸਾਂ

ਉਹ ਲੋਕ ਜੋ ਤੁਹਾਡੀ ਦੇਖਭਾਲ ਕਰਦੇ ਹਨ ਜਦੋਂ ਤੁਹਾਡਾ ਅਪਰੇਸ਼ਨ ਹੁੰਦਾ ਹੈ।





### ਖੇਡ ਸਪੈਸ਼ਲਿਸਟ

ਹਸਪਤਾਲ ਵਿੱਚ ਕੋਈ ਵਿਅਕਤੀ ਜੋ ਤੁਹਾਨੂੰ ਖੇਡਣ ਅਤੇ ਸਮਝਣ ਵਿੱਚ ਮਦਦ ਕਰਦਾ ਹੈ ਕਿ ਤੁਹਾਡੇ ਨਾਲ ਕੀ ਹੋ ਰਿਹਾ ਹੈ। ਸਾਰੇ ਹਸਪਤਾਲਾਂ ਵਿੱਚ ਖੇਡ ਸਪੈਸ਼ਲਿਸਟ ਨਹੀਂ ਹੁੰਦੇ ਹਨ।

### ਆਪ੍ਰੇਟਿੰਗ ਡਿਪਾਰਟਮੈਂਟ ਪ੍ਰੈਕਟੀਸ਼ਨਰ (ODPs) ਅਤੇ ਥੀਏਟਰ ਨਰਸਾਂ

ਉਹ ਲੋਕ ਜੋ ਐਨੱਸਥੀਟਿਸਟ ਦੀ ਤੁਹਾਡੀ ਦੇਖਭਾਲ ਕਰਨ ਵਿੱਚ ਮਦਦ ਕਰਦੇ ਹਨ ਜਦੋਂ ਐਨੱਸਥੈਟਿਕ ਦਿੱਤੀ ਜਾਂਦੀ ਹੈ






## ਥੀਏਟਰ

ਹਸਪਤਾਲ ਵਿੱਚ ਇੱਕ ਕਮਰਾ ਜਿੱਥੇ ਆਪਰੇਸ਼ਨ ਕੀਤੇ ਜਾਂਦੇ ਹਨ। ਸਭ ਕੁਝ ਬਹੁਤ ਸਾਫ਼-ਸੁਥਰਾ ਹੈ ਅਤੇ ਉੱਥੇ ਕੰਮ ਕਰਨ ਵਾਲੇ ਲੋਕ ਆਪਣੇ ਵਾਲਾਂ ਨੂੰ ਸਾਫ਼-ਸੁਥਰਾ ਰੱਖਣ ਲਈ ਪਜਾਮੇ ਅਤੇ ਟੋਪੀ ਵਰਗੇ ਕੱਪੜੇ ਪਾਉਂਦੇ ਹਨ।

## ਮਾਨੀਟਰ

ਇੱਕ ਮਸ਼ੀਨ ਜੋ ਐਨੱਸਥੀਟਿਸਟ ਤੁਹਾਡੇ 'ਤੇ ਨੇੜਿਓਂ ਨਜ਼ਰ ਰੱਖਣ ਲਈ ਵਰਤਦਾ ਹੈ ਜਦੋਂ ਤੁਹਾਨੂੰ ਐਨੱਸਥੈਟਿਕ ਦਿੱਤਾ ਜਾਂਦਾ ਹੈ ਇਹ ਤੁਹਾਡੀ ਛਾਤੀ 'ਤੇ ਕੁਝ ਸਟਿੱਕਰਾਂ ਅਤੇ ਤੁਹਾਡੀ ਉਂਗਲ 'ਤੇ ਇੱਕ ਖੰਭੇ ਦੀ ਵਰਤੋਂ ਕਰਦਾ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਤੁਹਾਡਾ ਦਿਲ ਕਿੰਨੀ ਤੇਜ਼ੀ ਨਾਲ ਧੜਕ ਰਿਹਾ ਹੈ ਅਤੇ ਤੁਸੀਂ ਕਿੰਨੀ ਚੰਗੀ ਤਰ੍ਹਾਂ ਸਾਹ ਲੈ ਰਹੇ ਹੋ।






## ਰਿਕਵਰੀ ਰੂਮ ਜਾਂ ਪੋਸਟ-ਐਨਸਥੀਟਿਕ ਕੇਅਰ ਯੂਨਿਟ (PACU)

ਉਹ ਕਮਰਾ ਜਿੱਥੇ ਬੱਚੇ ਬੇਹੋਸ਼ ਕਰਨ ਤੋਂ ਬਾਅਦ ਜਾਗਦੇ ਹਨ।

ਇਸ ਪਰਚੇ ਵਿੱਚ ਜਾਣਕਾਰੀ ਨੂੰ ਦਰੁਸਤ ਅਤੇ ਅੱਪ ਟੂ ਡੇਟ ਰੱਖਣ ਲਈ ਅਸੀਂ ਪੂਰਾ ਯਤਨ ਕੀਤਾ ਹੈ, ਪਰ ਅਸੀਂ ਇਸ ਦੀ ਗਾਰੰਟੀ ਨਹੀਂ ਦੇ ਸਕਦੇ ਹਾਂ। ਤੁਹਾਡੇ ਸਾਰੇ ਸਵਾਲਾਂ ਜਾਂ ਤੁਹਾਡੇ ਲਈ ਮਹੱਤਵਪੂਰਨ ਗੱਲਾਂ ਨਾਲ ਨਿਪਟਣ ਲਈ ਅਸੀਂ ਇਸ ਆਮ ਜਾਣਕਾਰੀ ਦੇ ਪੂਰਾ ਹੋਣ ਦੀ ਉਮੀਦ ਨਹੀਂ ਕਰਦੇ ਹਾਂ। ਤੁਹਾਡੇ ਕੋਲ ਮੌਜੂਦ ਆਪਣੀਆਂ ਚੋਣਾਂ ਅਤੇ ਤੁਹਾਡੇ ਕਿਸੇ ਵੀ ਫ਼ਿਕਰ ਦੇ ਬਾਰੇ ਇਸ ਪਰਚੇ ਨੂੰ ਗਾਈਡ ਵਜੋਂ ਵਰਤ ਕੇ ਆਪਣੀ ਮੈਡੀਕਲ ਟੀਮ ਨਾਲ ਚਰਚਾ ਕਰਨੀ ਚਾਹੀਦੀ ਹੈ। ਇਹ ਪਰਚੇ ਨੂੰ ਸਲਾਹ ਵਜੋਂ ਨਹੀਂ ਮੰਨਿਆ ਜਾਣਾ ਚਾਹੀਦਾ ਹੈ। ਇਸ ਨੂੰ ਕਿਸੇ ਵੀ ਕਾਰੋਬਾਰੀ ਜਾਂ ਵਪਾਰਕ ਮਕਸਦ ਲਈ ਨਹੀਂ ਵਰਤਿਆ ਜਾ ਸਕਦਾ ਹੈ। ਪੂਰੇ ਬੇਦਾਵੇ ਲਈ ਕਿਰਪਾ ਕਰਕੇ ਇੱਥੇ ਕਲਿੱਕ ਕਰੋ।

ਸਾਰੇ ਅਨੁਵਾਦ ਨੂੰ Translators without Borders ਦੀ ਅਨੁਵਾਦ ਕਮਿਊਨਟੀ ਵਲੋਂ ਕੀਤੇ ਗਏ ਹਨ। ਇਹਨਾਂ ਅਨੁਵਾਦ ਦੀ ਕੁਆਲਟੀ ਨੂੰ ਜਿੰਨਾ ਵੀ ਸੰਭਵ ਹੋਵੇ ਉਲੱਥੇ ਦੇ ਦਰੁਸਤ ਹੋਣ ਲਈ ਚੈਕ ਕੀਤਾ ਗਿਆ, ਪਰ ਫੇਰ ਕੁਝ ਜਾਣਕਾਰੀ ਦੇ ਅਸ਼ੁੱਧ ਜਾਂ ਗ਼ਲਤ ਵਿਆਖਿਆ ਹੋਣ ਦਾ ਖ਼ਤਰਾ ਹੈ।

## ਪਰਮਜੀਤ ਸਿੰਘ ਕੋਲ ਐਨੱਸਥੈਟਕਿ ਹੈ




# ਇਸ ਪਰਚੇ ਦੀ ਵਰਤੋਂ ਕਿਵੇਂ ਕਰੀਏ

### ਮਾਪਿਆਂ ਲਈ ਜਾਣਕਾਰੀ

ਅਸੀਂ ਇਹ ਪਰਚਾ ਤੁਹਾਡੇ ਬੱਚੇ ਨਾਲ ਪੜ੍ਹਨ ਲਈ ਅਤੇ ਉਹਨਾਂ ਦੀ ਐਨੱਸਥੈਟਿਕ ਦੀ ਤਿਆਰੀ ਕਰਨ ਵਿੱਚ ਉਹਨਾਂ ਦੀ ਮਦਦ ਕਰਨ ਲਈ ਤਿਆਰ ਕੀਤਾ ਹੈ। ਇਹ ਕੁਝ ਲੋਕਾਂ ਨੂੰ ਪੇਸ਼ ਕਰੇਗਾ ਜਿਨ੍ਹਾਂ ਨੂੰ ਉਹ ਮਿਲ ਸਕਦੇ ਹਨ ਅਤੇ ਕੁਝ ਚੀਜ਼ਾਂ ਜੋ ਹੋ ਸਕਦੀਆਂ ਹਨ। ਤੁਸੀਂ ਤਸਵੀਰਾਂ ਵਿੱਚ ਉਸ ਵਿਅਕਤੀ ਜਾਂ ਲੋਕਾਂ ਨੂੰ ਬਦਲ ਸਕਦੇ ਹੋ ਜੋ ਤੁਹਾਡੇ ਬੱਚੇ ਦੇ ਨਾਲ ਹਸਪਤਾਲ ਜਾਵੇਗਾ ਕਿਉਂਕਿ ਇਹ ਪਰਿਵਾਰਾਂ ਵਿੱਚ ਵੱਖਰਾ ਹੋਵੇਗਾ। ਆਪਣੇ ਬੱਚੇ ਨੂੰ ਸਮਝਾਓ ਕਿ ਤੁਸੀਂ ਉਨ੍ਹਾਂ ਨੂੰ ਇਹ ਕਹਾਣੀ ਕਿਉਂ ਪੜ੍ਹ ਰਹੇ ਹੋ। ਇਹ ਪਤਾ ਲਗਾਉਣਾ ਮਹੱਤਵਪੂਰਨ ਹੈ ਕਿ ਕਹਾਣੀ ਦਾ ਉਹਨਾਂ ਲਈ ਕੀ ਅਰਥ ਹੈ ਅਤੇ ਦੇਖੋ ਕਿ ਕੀ ਉਹਨਾਂ ਦੇ ਕੋਈ ਸਵਾਲ ਹਨ।

ਇਹ ਤੁਹਾਡੇ ਬੱਚੇ ਨੂੰ ਕਹਾਣੀ ਸੁਣਾਉਣ ਅਤੇ ਕਿਸੇ ਜਾਣੇ-ਪਛਾਣੇ ਖਿਡੌਣੇ ਦੀ ਵਰਤੋਂ ਕਰਦੇ ਹੋਏ ਕਿਸੇ ਵੀ ਚਿੰਤਾ ਨਾਲ ਨਜਿੱਠਣ ਦੀ ਇਜਾਜ਼ਤ ਦੇਣ ਵਿੱਚ ਮਦਦ ਕਰ ਸਕਦਾ ਹੈ। ਕੁਝ ਬੱਚੇ ਆਪਣੀਆਂ ਭਾਵਨਾਵਾਂ ਬਾਰੇ ਚਿੱਤਰਕਾਰੀ ਜਾਂ ਚਿੱਤਰਕਾਰੀ ਕਰਨਾ ਚੁਣ ਸਕਦੇ ਹਨ।

ਜੇਕਰ ਤੁਹਾਡਾ ਬੱਚਾ ਤਿੰਨ ਸਾਲ ਤੋਂ ਵੱਧ ਉਮਰ ਦਾ ਹੈ, ਤਾਂ ਅਸੀਂ ਸੁਝਾਅ ਦਿੰਦੇ ਹਾਂ ਕਿ ਤੁਸੀਂ ਉਹਨਾਂ ਨੂੰ ਐਨੱਸਥੈਟਿਕ ਤੋਂ ਇੱਕ ਹਫ਼ਤੇ ਪਹਿਲਾਂ ਤਿਆਰ ਕਰੋ। ਤਿੰਨ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ, ਅਸੀਂ ਸੁਝਾਅ ਦਿੰਦੇ ਹਾਂ ਕਿ ਤੁਸੀਂ ਹਸਪਤਾਲ ਆਉਣ ਤੋਂ ਇੱਕ ਦਿਨ ਪਹਿਲਾਂ ਉਹਨਾਂ ਨੂੰ ਤਿਆਰ ਕਰੋ। ਹਾਲਾਂਕਿ, ਕਿਰਪਾ ਕਰਕੇ ਆਪਣੇ ਬੱਚੇ ਦੀ ਸਮਝ ਨੂੰ ਧਿਆਨ ਵਿੱਚ ਰੱਖੋ।

---

# ਸਾਨੂੰ ਦੱਸੋ ਕਿ ਤੁਸੀਂ ਕੀ ਸੋਚਦੇ ਹੋ

ਇਸ ਪਰਚੇ ਨੂੰ ਹੋਰ ਬਿਹਤਰ ਬਣਾਉਣ ਲਈ ਤੁਹਾਡੇ ਸੁਝਾਵਾਂ ਦਾ ਸਵਾਗਤ ਹੈ। ਜੇ ਤੁਸੀਂ ਕੁਝ ਕਹਿਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੇ ਵਿਚਾਰ ਇਸ ‘ਤੇ ਈਮੇਲ ਕਰੋ:

patientinformation@rcoa.ac.uk

**Royal College of Anaesthetists**
Churchill House
35 Red Lion Square
London WC1R 4SG

020 7092 1500

**rcoa.ac.uk**

**ਚੌਥਾ ਐਡੀਸ਼ਨ, ਅਪ੍ਰੈਲ 2023**

ਇਸ ਪਰਚੇ ਦੀ ਪ੍ਰਕਾਸ਼ਨ ਦੀ ਤਾਰੀਖ ਤੋਂ ਤਿੰਨ ਸਾਲਾਂ ਦੇ ਅੰਦਰ ਸਮੀਖਿਆ ਕੀਤੀ ਜਾਵੇਗੀ।

**© 2023 Royal College of Anaesthetists and Association of Paediatric Anaesthetists of Great Britain and Ireland**

ਇਹ ਪਰਚੇ ਨੂੰ ਮਰੀਜ਼ ਲਈ ਜਾਣਕਾਰੀ ਵਾਲੀ ਸਮੱਗਰੀ ਦੇ ਮਕਸਦ ਵਾਸਤੇ ਕਾਪੀ ਕੀਤਾ ਜਾ ਸਕਦਾ ਹੈ। ਕਰਿਪਾ ਕਰਕੇ ਇਸ ਅਸਲ ਸ੍ਰੋਤ ਦਾ ਹਵਾਲਾ ਦਓਿ। ਜੇ ਤੁਸੀ ਹੋਰ ਪ੍ਰਕਾਸ਼ਨ ਵੱਿਚ ਇਸ ਪਰਚੇ ਦੇ ਕਸਿੇ ਹੱਿਸੇ ਦੀ ਵਰਤੋਂ ਕਰਨਾ ਚਾਹੁੰਦੇ ਹੋ, ਤਾਂ ਢੁੱਕਵਾਂ ਧੰਨਵਾਦ ਪ੍ਰਗਟਾਉਣਾ ਜ਼ਰੂਰੀ ਹੈ ਅਤੇ ਲੋਗੋ, ਬਰੈਂਡਗਿੰ ‘ਤੇ ਚੱਤਿਰ ਹਟਾ ਦੱਤਿੇ ਜਾਣ। ਵਧੇਰੇ ਜਾਣਕਾਰੀ ਲਈ, ਕਰਿਪਾ ਕਰਕੇ ਸਾਡੇ ਨਾਲ ਸੰਪਰਕ ਕਰੋ।

**ਅਮਾਂਡਾ ਲਲਿੀਵਾਈਟ ਦੁਆਰਾ ਚੱਤਿਰ**